# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਤੀਸਰੀ ਮੰਜਿਲ ਮਿਨੀ ਸਕੱਤਰੇਤ ਬਠਿੰਡਾ
Email ID. deose.bathinda@punjabeducation.gov.in

ਵੱਲ,

ਸਮੂਹ ਪ੍ਰਿੰਸੀਪਲ / ਸਕੂਲ ਮੁਖੀ
ਸਸਸਸ/ਸਹਸ/ਸਮਸ/ਪ੍ਰਾਇਵੇਟ/ਏਡਿਡ ਸਕੂਲ
ਜਿਲ੍ਹਾ ਬਠਿੰਡਾ।

**ਅਤਿ ਜਰੂਰੀ / ਸਮਾਂ ਬੱਧ**
(ਮਿਤੀ 15.10.2022)

ਪੱਤਰ ਨੰ. ਲ-6/DSSC/ਇੰਸਪਾਇਰ ਅਵਾਰਡ/2022/281
ਮਿਤੀ ਬਠਿੰਡਾ 03.10.2022
ਵਿਸ਼ਾ ਇੰਸਪਾਇਰ ਅਵਾਰਡ ਸਾਲ 2022-23 ਲਈ ਵਿਦਿਆਰਥੀਆਂ ਦੀ ਤੁਰੰਤ ਰਜਿਸਟ੍ਰੇਸ਼ਨ ਕਰਨ ਸਬੰਧੀ । (ਜਿਨ੍ਹਾਂ ਸਕੂਲਾ ਵੱਲੋਂ ਹੁਣ ਤੱਕ ਅਵਾਰਡ ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਨਹੀਂ ਕੀਤੀ)

ਉਪਰੋਕਤ ਅੰਕਿਤ ਵਿਸ਼ੇ ਸਬੰਧੀ ਸਬੰਧਤ ਪ੍ਰਿੰਸੀਪਲ / ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਦਫਤਰ ਵੱਲੋਂ ਉਪਰੋਕਤ ਅਵਾਰਡ ਲਈ 4 ਵਾਰ ਸਕੂਲ ਮੁਖੀਆਂ ਨੂੰ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਪੱਤਰ ਲਿਖਿਆ ਗਿਆ ਹੈ ਪਰ ਕੁਝ ਸਕੂਲਾਂ ਵੱਲੋਂ ਹਨ ਤੱਕ ਵੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਨਹੀਂ ਕੀਤੀ ਗਈ ਹੈ। ਵਿਭਾਗ ਵੱਲੋਂ ਰਜਿਸਟ੍ਰੇਸ਼ਨ ਲਈ ਆਖਰੀ ਮੌਕਾ ਦਿੰਦੇ ਹੋਏ ਮਿਤੀ 15.10.2022 ਤੱਕ ਵਾਧਾ ਕੀਤਾ ਗਿਆ ਹੈ। ਪਰ ਪੋਰਟਲ ਦੀ ਸੁਵਿਧਾ ਅਤੇ ਛੁੱਟੀਆਂ ਨੂੰ ਧਿਆਨ ਹਿਤ ਰੱਖਦਿਆਂ ਸਕੂਲ ਮੁਖੀ ਆਪਣੇ ਸਕੂਲ ਦੇ ਸਾਇੰਸ/ਮੈਥ ਅਧਿਆਪਕਾਂ ਨੂੰ ਪਾਬੰਦ ਕਰਨ ਕਿ ਰਜਿਸਟ੍ਰੇਸ਼ਨ ਤੁਰੰਤ ਕਰਨੀ ਯਕੀਨੀ ਬਣਾਈ ਜਾਵੇ। ਇਸ ਸਬੰਧੀ ਕੁਝ ਜਰੂਰੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਇਸ ਅਵਾਰਡ ਲਈ ਪੋਰਟਲ www.inspireawards.dist.gov.in ਤੇ ਅਪਲਾਈ ਕਰਨਾ ਹੈ।
2. ਇਸ ਅਵਾਰਡ ਲਈ ਛੇਵੀਂ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਦਾ ਪ੍ਰੋਜੈਕਟ (Innovative idea) ਜੋ ਕਿ ਸੋਸਾਇਟੀ ਲਈ ਲਾਭਦਾਇਕ ਹੋਵੇ ਅਤੇ Low cost ਨਾਲ ਤਿਆਰ ਕੀਤਾ ਜਾ ਸਕਦਾ ਹੈ ਰਜਿਸਟਰਡ ਕਰਨਾ ਹੈ ਅਤੇ ਗਾਇਡ ਅਧਿਆਪਕ ਦੇ ਵੇਰਵੇ ਵੀ ਦਰਜ ਕਰਨੇ ਹਨ।
3. ਇਸ ਅਵਾਰਡ ਲਈ ਮਿਡਲ ਸਕੂਲ ਵਿਚੋਂ ਘੱਟੋ ਘੱਟ 3 ਵਿਦਿਆਰਥੀ ਅਤੇ ਹਾਈ/ਸੀਨੀਅਰ ਵਿੱਚੋਂ ਘੱਟੋ ਘੱਟ 5 ਵਿਦਿਆਰਥੀਆਂ ਦਾ ਅਪਲਾਈ ਕਰਨਾ ਯਕੀਨੀ ਬਣਾਇਆ ਜਾਵੇ। (ਸੱਤਵੀਂ ਤੋਂ ਨੌਵੀਂ ਤੱਕ ਦੇ ਵਿਦਿਆਰਥੀਆਂ ਨੂੰ ਪਹਿਲ ਦੀਤੀ ਜਾਵੇ)
4. ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨਾਲਾਜੀ ਦੀਆਂ ਸ਼ਰਤਾਂ ਅਨੁਸਾਰ ਚੁਣੇ ਗਏ ਵਿਦਿਆਰਥੀ ਨੂੰ 10000/- ਰੁਪਏ ਦੀ ਰਾਸ਼ੀ ਭੇਜੀ ਜਾਵੇਗੀ। ਇਸ ਲਈ ਵਿਦਿਆਰਥੀ ਦੇ ਖਾਤੇ ਸਬੰਧੀ ਵੇਰਵੇ ( ਬੈਂਕ ਦਾ ਨਾ ਅਤੇ ਬਰਾਂਚ, ਖਾਤਾ ਨੰਬਰ, ਆਈ ਐਫ ਐਸ ਸੀ ਕੋਡ) ਦੇ ਵੇਰਵੇ ਬਿਲਕੁਲ ਸਹੀ ਭਰੇ ਜਾਣ।
5. ਪੋਰਟਲ (ਸਾਇਟ) ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖਦਿਆਂ ਜਲਦੀ ਤੋਂ ਜਲਦੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕੀਤੀ ਜਾਵੇ।
6. ਪੋਰਟਲ ਤੇ ਰਜਿਸਟਰਡ ਕੀਤੇ ਗਏ ਵਿਦਿਆਰਥੀਆਂ ਦੀ ਪ੍ਰਾਪਤ Acknowledgement ਨੂੰ ਤੁਰੰਤ ਨੋਡਲ ਅਫਸਰ (9877617062) ਤੇ Whats app ਕਰਨਾ ਯਕੀਨੀ ਬਣਾਇਆ ਜਾਵੇ।

ਨੋਟ:- ਅਪਲਾਈ ਕਰਨ ਸਮੇਂ ਕਿਸੇ ਪ੍ਰਕਾਰ ਦੀ ਸਮੱਸਿਆ/ ਜਾਣਕਾਰੀ ਸਬੰਧੀ ਹੇਠ ਲਿਖੇ ਸਾਇੰਸ ਅਧਿਆਪਕਾਂ ਨਾਲ ਸਪੰਰਕ ਕੀਤਾ ਜਾ ਸਕਦਾ ਹੈ।

1. ਸ਼੍ਰੀ ਰਿਸ਼ੀ ਸਿੰਗਲਾ (98720 79446)
2. ਸ਼੍ਰੀ ਸੁਖਜਿੰਦਰ ਸਿੰਘ (95695 11444)

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।